# ਕੰਪਿਊਟਰ ਨੂੰ ਪੰਜਾਬੀ ਲਿਖਣ ਯੋਗ ਬਣਾਉਣ ਦੀ ਸੌਖੀ ਵਿਧੀ

- ਸ਼ਿੰਦਰ ਪਾਲ ਸਿੰਘ (ਪੰਜਾਬੀ ਵਿਕਾਸ ਮੰਚ ਯੂਃਕੇਃ)

ਕੋਈ ਜ਼ਮਾਨਾ ਸੀ ਜਦੋਂ ਕੰਪਿਊਟਰ, ਵਿਗਿਆਨ ਅਤੇ ਤਕਨੀਕ ਦੇ ਵਿਸ਼ੇ ਭਾਰਤੀਆਂ, ਖ਼ਾਸ ਕਰ ਪੰਜਾਬੀਆਂ ਲਈ ਅਜਨਬੀ ਸਨ, ਪਰ ਅੱਜ ਹਾਲਾਤ ਬਹੁਤ ਬਦਲ ਚੁੱਕੇ ਹਨ। ਹੁਣ ਤਾਂ ਭਾਰਤੀ ਵਿਗਿਆਨੀ ਪੁਲਾੜ ਵਿੱਚ ਵੀ ਝੰਡੇ ਗੱਡ ਆਏ ਹਨ। ਸਾਡੇ ਇਸ ਵਿਸ਼ੇਸ਼ ਲੇਖ ਦਾ ਵਿਸ਼ਾ "ਕੰਪਿਊਟਰ ਉੱਤੇ ਮਿਆਰੀ ਪੰਜਾਬੀ" ਲਿਖਣ ਲਈ ਕੰਪਿਊਟਰ ਨੂੰ ਪੰਜਾਬੀ ਲਿਖਣ ਯੋਗ ਬਣਾਉਣ ਜਾਂ ਸਮਝਾਉਣ ਦੀ ਵਿਧੀ ਬਾਰੇ ਹੈ। ਮਿਆਰੀ ਤੋਂ ਭਾਵ ਪੰਜਾਬੀ ਦਾ ਉਹ ਰੂਪ ਜੋ ਹਰ ਦੇਸ਼ ਦੇ, ਹਰ ਕੰਪਿਊਟਰ ਭਾਵ ਡੈਸਕਟੌਪ, ਲੈਪਟੌਪ, ਟੈਬਲਟ ਜਾਂ ਆਈਪੈਡ ਜਾਂ ਕਿਸੇ ਵੀ ਹੋਰ ਲਿਖਤ ਮਸ਼ੀਨ ਉੱਤੇ ਇੱਕੋ ਜਿਹਾ ਪੜ੍ਹਿਆ ਅਤੇ ਇੱਕੋ ਤਰਾਂ ਲਿਖਿਆ ਜਾ ਸਕੇ।

ਯਾਦ ਰਹੇ ਅਸੀਂ ਫ਼ੋਨਾਂ 'ਤੇ ਲਿਖੀ ਜਾਣ ਵਾਲ਼ੀ ਪੰਜਾਬੀ ਦੀ ਗੱਲ ਨਹੀਂ ਕਰ ਰਹੇ, ਕਿਉਂਕਿ ਉਹ ਤਾਂ ਸਿਰਫ਼ ਲੋਕ ਮਾਧਿਅਮ ਤੱਕ ਹੀ ਸੀਮਤ ਹੈ। ਪੰਜਾਬੀਆਂ ਨੂੰ ਇਹ ਧਾਰਨਾ ਵੀ ਮਨ ਵਿੱਚੋਂ ਕੱਢ ਦੇਣੀ ਚਾਹੀਦੀ ਹੈ ਕਿ ਸ਼ਾਇਦ ਪੰਜਾਬੀ ਦੇ ਸਾਰੇ ਕੰਮ ਫ਼ੋਨ ਹੀ ਸਕੇਗਾ। ਇਹ ਉਹਨਾਂ ਦਾ ਬਹੁਤ ਵੱਡਾ ਅਤੇ ਫਰੇਬੀ ਭੁਲੇਖਾ ਹੈ। ਸਕੂਲਾਂ, ਕਾਲਜਾਂ ਵਿੱਚ ਪੜ੍ਹਾਈ ਦਾ, ਪੰਜਾਬੀ ਵਿੱਚ ਕੀਤਾ ਜਾਣ ਵਾਲ਼ਾ ਕੰਮ, ਕੰਪਿਊਟਰ 'ਤੇ ਹੀ ਕੀਤਾ ਅਤੇ ਸਾਂਭਿਆ ਜਾ ਸਕਦਾ ਹੈ। ਇਸ ਲਈ "**ਕੰਪਿਊਟਰ ਉੱਤੇ ਮਿਆਰੀ ਪੰਜਾਬੀ**" ਮੌਜੂਦਾ ਕੰਪਿਊਟਰ ਯੁੱਗ ਵਿੱਚ ਪੰਜਾਬੀਆਂ ਦੀ ਮਹਾਂ ਜ਼ਰੂਰਤ ਹੈ।

## ਆਓ, ਜਾਣੀਏ ਕੰਪਿਊਟਰ ਨੂੰ ਮਿਆਰੀ ਪੰਜਾਬੀ ਲਿਖਣ ਦੇ ਯੋਗ ਬਣਾਉਣ ਦਾ ਸੌਖਾ ਤਰੀਕਾਃ

ਯੂਨੀਕੋਡ - ਇੰਸਕ੍ਰਿਪਟ ਭਾਵ **ਪੰਜਾਬੀXL** ਨੂੰ ਅਪਨਾਉਣ ਦੀ ਵਿਧੀ:

ਜਗਿਆਸੂ ਵਰਤੋਂਕਾਰਾਂ ਦੀ ਸਹੂਲਤ ਵਾਸਤੇ ਕਦਮ ਕਦਮ 'ਤੇ ਲਿਖਤੀ ਜਾਣਕਾਰੀ ਦੇ ਨਾਲ਼ ਢੁਕਵੀਂ ਤਸਵੀਰ, ਨੰਬਰਾਂ ਸਮੇਤ ਦਿਖਾਈ ਜਾ ਰਹੀ ਹੈ। ਸਹੀ ਥਾਂ ਕਲਿੱਕ ਕਰਨ ਲਈ ਤੀਰ ਵੀ ਦਿੱਤੇ ਗਏ ਹਨ। ਪੰਜਾਬੀ ਲਿਖਣ ਲਈ ਮਸ਼ੀਨ ਨੂੰ ਯੋਗ ਬਣਾਉਣ ਵਾਸਤੇ ਵਿੰਡੋਜ਼ ਕੰਪਿਊਟਰ ਦੇ **ਕੰਟਰੋਲ ਪੈਨਲ** ਵਿੱਚ ਜਾਣਾ ਪਵੇਗਾ। ਇਹ ਜਾਨਣ ਲਈ ਹੇਠ ਲਿਖੇ ਵਿਸਥਾਰ ਨੂੰ ਧਿਆਨ ਨਾਲ਼ ਪੜ੍ਹਨਾ ਅਤੇ ਅਮਲ ਕਰਨਾ ਲਾਜ਼ਮੀ ਹੋਵੇਗਾ। ਕੰਟਰੋਲ ਪੈਨਲ ਵਿੱਚ ਜਾਣ ਦੇ ਕਈ ਤਰੀਕੇ ਹਨ, ਪਰ ਸਭ ਤੋਂ ਸੌਖਾ ਤਰੀਕਾ ਹੈ ਕਿ ਵਿੰਡੋਜ਼ ਬਟਨ ਦੇ ਕੋਲ਼ ਦੀ ਖੋਜ ਪੱਟੀ ਵਿੱਚ ਰੋਮਨ ਅੱਖਰਾਂ ਵਿੱਚ **control panel** ਲਿਖੋ ਤੇ ਚੋਣ ਕਰਨ ਲਈ ਕਲਿੱਕ ਕਰੋਗੇ ਤਾਂ ਹੇਠ ਦਿੱਤੀ ਸਕਰੀਨ ਖੁੱਲ੍ਹ ਜਾਵੇਗੀ:




ਚਿੱਤਰ: 1

ਉੱਪਰ ਦੱਸੇ ਮੁਤਾਬਿਕ **Clock and Region** ਤੇ ਕਲਿੱਕ ਕਰੋ। ਇਸ ਨਾਲ਼ ਜੋ ਅਗਲੀ ਸਕਰੀਨ ਖੁੱਲ੍ਹੇਗੀ ਉਹ ਇਸ ਤਰਾਂ ਦਿਸੇਗੀ। ਉਸ ਵਿੱਚ **Region** ‘ਤੇ ਕਲਿੱਕ ਕਰਨਾ ਹੈ:




ਚਿੱਤਰ: 2

ਇਸ ਨਾਲ਼ ਜੋ ਅਗਲੀ ਸਕਰੀਨ ਖੁੱਲ੍ਹੇਗੀ, ਉੱਥੇ ਕਈ ਭੁਲੇਖਾ ਖਾ ਜਾਂਦੇ ਹਨ। ਯਾਦ ਰਹੇ ਇੱਥੇ ਆਪਣੀ ਮਨ-ਪਸੰਦ ਭਾਸ਼ਾ ਦੀ ਚੋਣ ਕਰਨ ਵਾਸਤੇ **Language preferences** ਉੱਤੇ ਹੀ ਕਲਿੱਕ ਕਰੋ:




ਉੱਪਰ ਦਿੱਤੀ ਤਸਵੀਰ ਵਿੱਚ **ਭਾਸ਼ਾ ਦੀ ਪਸੰਦ** ਉੱਤੇ ਕਲਿੱਕ ਕਰਨ ਨਾਲ਼ ਜੋ ਅਗਲੀ ਸਕਰੀਨ ਖੁੱਲ੍ਹੇਗੀ। ਉਸ ਵਿੱਚ ਨਵੀਂ ਭਾਸ਼ਾ ਉਸਦੇ ਕੀਬੋਰਡ ਨੂੰ ਸ਼ਾਮਿਲ (Add) ਕਰਨ ਵਾਸਤੇ + ਦੇ ਨਿਸ਼ਾਨ ਉੱਤੇ ਕਲਿੱਕ ਕਰਨਾ:




ਉੱਪਰ ਦਿਸਦੀ ਤਸਵੀਰ ਵਿੱਚ ਪੰਜਾਬੀ (ਗੁਰਮੁਖੀ) ਦੀ ਭਾਲ਼ ਕਰਨ ਲਈ ਇਸ ਸਫ਼ੇ 'ਤੇ ਥੱਲੇ ਨੂੰ ਜਾ ਕੇ (scroll down ਕਰਕੇ) ਵੀ ਅੱਖਰ ਤਰਤੀਬ ਮੁਤਾਬਿਕ ਕੋਈ ਵੀ ਭਾਸ਼ਾ ਲੱਭ ਸਕਦੇ ਹੋ। ਪਰ ਤੁਸੀਂ ਸੌਖੇ ਰਾਹਾਂ ਦੇ ਆਦੀ ਹੋ, ਇਸ ਲਈ ਜੇ ਤੁਸੀਂ ਉੱਪਰ ਵਾਲ਼ੀ ਭਾਲ਼ ਪੱਟੀ ਵਿੱਚ **Punjabi** ਜਾਂ ਸਿਰਫ਼ **Pun** ਹੀ ਲਿਖ ਦਿਓ ਤਾਂ ਵੀ ਤੁਹਾਨੂੰ ਪੰਜਾਬੀ (ਗੁਰਮੁਖੀ) ਚੋਣ ਝੱਟ ਨਜ਼ਰ ਆ ਜਾਵੇਗੀ, ਜਿਵੇਂ ਕਿ ਅਗਲੀ ਤਸਵੀਰ ਹੈ। ਧਿਆਨ ਨਾਲ਼ ਸੰਤਰੀ ਅੱਖਰਾਂ ਵਿੱਚ ਦੱਸੀ ਹਦਾਇਤ ਨੂੰ ਪੜ੍ਹੋ ਅਤੇ ਇਸ ਮੁਤਾਬਿਕ ਹੀ ਅਮਲ ਕਰੋ। ਇੱਥੇ ਕਾਹਲ਼ ਦੀ ਕੋਈ ਲੋੜ ਨਹੀਂ :




ਉੱਪਰਲੀ ਤਸਵੀਰ ਵਿੱਚ **ਪੰਜਾਬੀ** 'ਤੇ ਕਲਿੱਕ ਕਰਨ ਨਾਲ਼ ਜਦ ਪੰਜਾਬੀ ਵਾਲ਼ੀ ਪੱਟੀ ਨੀਲੀ ਹੋ ਗਈ, ਭਾਵ ਚੋਣ ਪੱਕੀ ਹੋ ਗਈ ਤਾਂ ਉਸਤੋਂ ਬਾਅਦ **Next** ਉੱਤੇ ਕਲਿੱਕ ਕਰੋ। ਇਸ ਨਾਲ਼ ਜੋ ਅੱਗੇ ਤਸਵੀਰ ਖੁੱਲ੍ਹੇਗੀ ਉਹ ਹੇਠਾਂ ਦਿੱਤੀ ਗਈ ਹੈ। ਯਾਦ ਰਹੇ ਕਿ ਇੱਥੋਂ ਤੁਸੀਂ ਆਪਣੇ ਕੰਪਿਊਟਰ ਦਾ ਸਾਰਾ ਸਿਸਟਮ ਵੀ ਪੰਜਾਬੀ ਵਿੱਚ ਕਰ ਸਕਦੇ ਹੋ। ਪਰ ਅਜਿਹਾ ਅਜੇ ਨਾ ਕਰਨਾ। **ਯਾਦ ਰਹੇ** ਕਿ ਪਹਿਲਾਂ ਸਿਰਫ **Install Language Pack** ਦੀ ਹੀ ਚੋਣ ਕਰੋ। ਜੋ ਕਿਸ ਇਸ ਖ਼ਾਨੇ ਵਿੱਚ ਕਲਿੱਕ ਕਰਨ ਨਾਲ਼ ਟਿੱਕ ਹੋ ਜਾਵੇਗੀ। ਅੱਗੇ ਫਿਰ **Install** ਤੇ ਜ਼ਰੂਰ ਕਲਿੱਕ ਕਰੋ। ਇਸ ਬਾਅਦ ਤੁਹਾਡੀ ਮਸ਼ੀਨ ਤੇ 'ਪੰਜਾਬੀ ਗੇਅਰ ਪੈਣ ਦੀ ਹਰਕਤ' ਨਜ਼ਰ ਆਵੇਗੀ:




ਇੱਕ ਮਿੰਟ ਦੀ ਇੰਤਜ਼ਾਰ ਬਾਅਦ ਤੁਹਾਡੀ ਮਸ਼ੀਨ ਪੰਜਾਬੀ ਲਿਖਣ ਦੇ ਯੋਗ ਭਾਵ ਸਮਰੱਥ ਹੋ ਗਈ ਹੈ। ਪਰ ਇਸ ਗੱਲ ਦੀ ਪੁਸ਼ਟੀ ਕਰਨੀ ਲਾਜ਼ਮੀ ਹੋਵੇਗੀ। ਇਹ ਦੇਖਣ ਵਾਸਤੇ ਕੰਪਿਊਟਰ ਦੇ ਸੱਜੇ ਪਾਸੇ ਥੱਲੇ, (ਟਾਈਮ ਅਤੇ ਤਰੀਕ ਦੇ ਖੱਬੇ ਪਾਸੇ) ਇੰਗਲਿਸ਼ ਦੇ **ENG** ਵਾਲ਼ੇ ਨਿਸ਼ਾਨ **(Icon)** ਤੇ ਠੋਲਾ (ਕਲਿੱਕ) ਮਾਰੋ। ਇਸ ਤਰਾਂ ਕਰਨ ਨਾਲ਼ ਡੈਸਕਟੌਪ ਉੱਤੇ ਉਪਲਬਧ (Available) ਕੀਬੋਰਡ ਦਰਸਾਉਂਦਾ ਜਾਂ ਪੁਸ਼ਟੀ ਕਰਦਾ ਜੋ ਡੱਬੀ ਜਹੀ ਖੁਲ੍ਹੇਗੀ, ਉਸ ਦੀ ਤਸਵੀਰ ਇਸ ਤਰਾਂ ਦਿਸੇਗੀ:




ਚਿੱਤਰ: 7

ਇਹ ਦੇਖ ਕੇ ਤੁਹਾਡੇ ਚਿਹਰੇ 'ਤੇ ਖੁਸ਼ੀ ਆਉਣੀ ਲਾਜ਼ਮੀ ਹੈ। ਕੰਟਰੋਲ ਪੈਨਲ 'ਚ ਇਹ ਪੁਸ਼ਟੀ ਇਸ ਤਰਾਂ ਦਿਸੇਗੀ:




ਚਿੱਤਰ: 8

ਸ਼ਾਇਦ ਤੁਸੀਂ ਨੋਟ ਕੀਤਾ ਹੋਵੇ ਕਿ ਇੱਥੇ ਤਾਂ ਪੰਜਾਬੀ (ਗੁਰਮੁਖੀ) ਹੈ। ਇਹ ਤੁਹਾਡੇ ਕੰਪਿਊਟਰ 'ਤੇ **ਪੰਜਾਬੀXL** ਨਾ ਉਤਾਰਿਆ ਹੋਣ ਕਰਕੇ ਇਹ ਤਸਵੀਰ, **ਚਿੱਤਰ ਨੰ. 8,** ਇਸ ਤਰਾਂ ਦਿਸਦੀ ਹੈ। ਇਸ ਨਾਲ਼ ਤੁਸੀਂ ਇੰਸਕ੍ਰਿਪਟ, ਯੂਨੀਕੋਡ ਲਿਖਤ ਵਿਧਾਨ ਵਰਤ ਤਾਂ ਜ਼ਰੂਰ ਸਕਦੇ ਹੋ, ਪਰ ਇਹ ਪੂਰੀ ਤਰਾਂ ਕੰਮ ਨਹੀਂ ਕਰੇਗਾ। ਭਾਵ ਕਿ **ਸੀਡੈਕ (CDAC)** ਦੁਆਰਾ ਤਿਆਰ ਕੀਤੇ ਇੰਸਕ੍ਰਿਪਟ ਕੀਬੋਰਡ ਦੀਆਂ ਖ਼ਾਲੀ (ਮ੍ਰਿਤਕ) ਕੁੰਜੀਆਂ ਨੂੰ ਵਰਤੋਂ 'ਚ ਲਿਆਉਣ ਲਈ **ਪੰਜਾਬੀXL** ਹੀ ਪੂਰੀ ਸਮਰੱਥਾ ਨਾਲ਼ ਤੁਹਾਡੀਆਂ ਮੁੱਖ ਲੋੜਾਂ ਪੂਰੀਆਂ ਕਰ ਸਕਦਾ ਹੈ।

**ਪੰਜਾਬੀXL ਦੀ ਸਮਰੱਥਾ ਬਾਰੇ ਦੋ ਸ਼ਬਦ:** ਜਿਵੇਂ ਉੱਪਰ ਦੱਸਿਆ ਹੀ ਹੈ ਕਿ **ਪੰਜਾਬੀXL** (PunjabiXL), ਜੋ ਕਿ ਇੰਸਕ੍ਰਿਪਟ ਦਾ ਵ੍ਰਿੱਧਕ (enhanced) ਰੂਪ ਹੈ। ਇਸ ਵਿੱਚ ਆਮ ਵਰਤੋਂ ਦੀਆਂ ਮੁੱਖ ਲੋੜਾਂ ਇਸ ਤਰਾਂ ਹਨ: ਇਸ ਵਿੱਚ z ਦਬਾਉਣ ਨਾਲ਼ ਅਰਧ (ਸੈਮੀ) ਕੋਲਨ **;** ਅਤੇ **ਸ਼ਿਫਟ+z** ਦਬਾਉਣ ਨਾਲ਼ ਪੂਰਾ **:** ਕੋਲਨ ਪੈਂਦਾ ਹੈ। ਇਸੇ ਤਰਾਂ **Alt Gr+@** ਨਾਲ਼ ਉਬਲੀਕ **/** (ਫ਼ੋਰਵਰਡ ਸਲੈਸ਼) ਅਤੇ **ਸ਼ਿਫਟ+#** ਦੀ ਵਰਤੋਂ ਨਾਲ਼ ਪੁੱਠੀ ਉਬਲੀਕ **** (ਬੈਕ ਸਲੈਸ਼) ਅਤੇ **ਸ਼ਿਫਟ+6** ਦੀ ਵਰਤੋਂ ਨਾਲ਼ ਭਾਰਤੀ ਰੁਪਏ (ਕਰੰਸੀ) ਦਾ ਚਿੰਨ੍ਹ **₹** ਪਾਏ ਜਾ ਸਕਦੇ ਹਨ ਜੋ ਕਿ ਸੀਡੈਕ ਵਾਲ਼ੇ ਕੀਬੋਰਡ ਵਿੱਚ ਨਹੀਂ ਹਨ। ਇਸ ਵਿੱਚ **Alt Gr+ ਸ਼ਿਫਟ+x** ਦੀ ਵਰਤੋਂ ਨਾਲ਼ **ੴ** - ਇਸੇ ਤਰਾਂ **+c** ਨਾਲ਼ **ॐ** ਅਤੇ **+v** ਨਾਲ਼ ☬ ਆਦਿਕ ਧਾਰਮਿਕ ਚਿੰਨ੍ਹ ਅਸਾਨੀ ਨਾਲ਼ ਪਾਏ ਜਾ ਸਕਦੇ ਹਨ।

ਸੋ, ਇਸ ਲਈ **ਪੰਜਾਬੀXL** ਦੀ ਚੋਣ ਕਰਨੀ ਲਾਜ਼ਮੀ ਹੈ। ਪਰ ਯਾਦ ਰਹੇ ਅਗਰ ਤੁਸੀਂ **ਪੰਜਾਬੀXL** ਅਜੇ ਨਹੀਂ ਪਾਇਆ ਜਾਂ ਉਤਾਰਿਆ ਤਾਂ ਇਸਨੂੰ ਪਹਿਲਾਂ ਜ਼ਰੂਰ ਉਤਾਰੋ/ਡਾਊਨਲੋਡ ਕਰੋ, ਨਹੀਂ ਤਾਂ ਉੱਪਰ ਦੱਸੀਆਂ ਸਹੂਲਤਾਂ ਵਾਸਤੇ **"ਪੰਜਾਬੀ ਗੇਅਰ"** ਪੂਰੀ ਤਰਾਂ ਕੰਮ ਨਹੀਂ ਕਰੇਗਾ। ਇਸ ਲਈ ਪੂਰੇ ਧਿਆਨ ਨਾਲ਼, ਪਹਿਲਾਂ ਕੰਟਰੋਲ ਪੈਨਲ ਵਿੱਚ ਜਾ ਕੇ, ਉੱਪਰ ਦਿੱਤੇ **ਚਿੱਤਰ ਨੰ. 8** ਵਿੱਚ ਦਿਸਦੇ **ਨੀਲੇ ਤੀਰ** ਥੱਲੇ ਲਿਖੇ **Options** 'ਤੇ ਕਲਿੱਕ ਕਰਨਾ ਪਵੇਗਾ। ਜੋ ਚਿੱਤਰ **ਨੰ. 9** ਵਿੱਚ ਇਸ ਤਰਾਂ ਹੈ:




**Options** ਉੱਤੇ ਕਲਿੱਕ ਕਰਨ ਬਾਅਦ ਕੰਪਿਊਟਰ ਹੇਠ ਦਿੱਤੀ ਤਸਵੀਰ ਦਿਸੇਗੀ, ਜਿਸ ਵਿੱਚ ਤੁਸੀਂ **ਪੰਜਾਬੀXL** ਦੀ ਚੋਣ ਜ਼ਰੂਰ ਕਰੋ: ਯਾਦ ਰਹੇ: ਇਹ ਚੋਣ ਤਾਂ ਹੀ ਉਪਲਬਧ ਹੋਵੇਗੀ ਜੇ ਤੁਸੀਂ ਪੰਜਾਬੀXL ਪਹਿਲਾਂ ਹੀ ਡਾਊਨਲੋਡ ਕੀਤਾ ਹੋਇਆ ਹੈ। ਇਸਨੂੰ ਡਾਊਨਲੋਡ ਕਰਨ ਦੀ ਸਹੂਲਤ ਵਾਸਤੇ ਸ਼ੁਰੂ ਵਿੱਚ ਹੀ ਲਿੰਕ ਦੱਤਾ ਜਾ ਚੁੱਕਾ ਹੈ।




ਉੱਪਰ ਦੱਸੇ ਅਨੁਸਾਰ ਕਰਨ ਨਾਲ਼, ਭਾਵ **ਪੰਜਾਬੀXL** ਚੁਣਨ ਬਾਅਦ ਹੁਣ ਸੋਲਾਂ ਕਲਾ ਸਮਰੱਥ 'ਪੰਜਾਬੀ ਗੇਅਰ' ਤੁਹਾਡੀ ਮਸ਼ੀਨ ਤੇ ਪੈ ਗਿਆ ਹੈ। ਉੱਪਰ ਕੀਬੋਰਡ ਵਾਲ਼ੇ ਡੱਬੇ (ਚਿੱਤਰ ਨੰ. 8) ਵਿੱਚ ਦੇਖੋ ਤਾਂ ਤੁਹਾਨੂੰ ਸਿਰਫ਼ ਦੋ ਕੀਬੋਰਡ ਹੀ ਦਿਸਦੇ ਹਨ। ਪਰ ਕਿਉਂਕਿ ਹੁਣ ਤੁਸੀਂ **ਪੰਜਾਬੀXL** ਵੀ ਸ਼ਾਮਿਲ ਕਰ ਲਿਆ ਹੈ, ਇਸ ਕਰਕੇ ਹੁਣ ਕੀਬੋਰਡਾਂ ਦੀ ਗਿਣਤੀ ਤਿੰਨ ਹੋ ਗਏ, ਜਿਵੇਂ ਕਿ ਹੇਠਲੀ ਤਸਵੀਰ (ਚਿੱਤਰ 11) ਵਿੱਚ ਦਿਸਦੇ ਹਨ:




ਇਹ ਵੀ ਸੰਭਵ ਹੈ ਕਿ ਤੁਹਾਡੀ ਮਸ਼ੀਨ 'ਤੇ ਤਿੰਨਾਂ ਤੋਂ ਵੱਧ ਕੀਬੋਰਡ ਵੀ ਹੋ ਸਕਦੇ ਹਨ, ਜੋ ਤੁਸੀਂ ਜਾਂ ਪਹਿਲਾਂ ਹੀ ਕਿਸੇ ਹੋਰ ਨੇ ਸ਼ਾਮਿਲ ਕੀਤੇ ਹੋ ਸਕਦੇ। ਜੇ ਤੁਸੀਂ ਭਾਸ਼ਾਵਾਂ ਦੇ ਮਾਹਰ ਹੋ ਤਾਂ ਤੁਸੀਂ 10 ਕੀਬੋਰਡ ਵੀ ਵਰਤ ਸਕਦੇ ਹੋ। ਪਰ

ਤੁਸੀਂ ਪੰਜਾਬੀ ਹੋ ਅਤੇ ਪੰਜਾਬੀਆਂ ਤੋਂ ਇਹ ਉਮੀਦ ਨਹੀਂ ਰੱਖੀ ਜਾ ਸਕਦੀ। ਜੇ ਇਹ ਧਾਰਨਾ ਗ਼ਲਤ ਹੋਵੇ ਤਾਂ ਖ਼ਿਮਾ ਕਰਨਾ। ਸਾਡਾ ਮੁੱਖ ਵਿਸ਼ਾ ਵੀ ਪੰਜਾਬੀ ਦੇ ਮਿਆਰੀ ਕੀਬੋਰਡ ਬਾਰੇ ਹੈ, ਸੋ ਆਪਾਂ ਪੰਜਾਬੀ ਉੱਤੇ ਹੀ ਕੇਂਦ੍ਰਿਤ ਰਹੀਏ ਤਾਂ ਬਿਹਤਰ ਹੋਵੇਗਾ। ਤੁਹਾਡਾ ਨਿਸ਼ਾਨਾ ਵੀ ਅਤੇ ਜਗਿਆਸਾ ਵੀ ਤਾਂ ਸਿਰਫ਼ ਮਿਆਰੀ ਪੰਜਾਬੀ ਲਿਖਣੀ ਸਿੱਖਣ ਦੀ ਹੀ ਹੈ ਨਾ? ਜਿਵੇਂ ਕਿ ਉੱਪਰ, ਚਿੱਤਰ 8 ਅਤੇ 9 ਦੇ ਵਿਚਕਾਰ, **ਪੰਜਾਬੀXL** ਦੇ ਫ਼ਾਇਦੇ ਦੱਸੇ ਹਨ, ਇਸ ਲਈ ਸਿਰਫ਼ ਇਹ ਕੀਬੋਰਡ ਹੀ ਚੁਣਿਆ ਜਾਵੇ। ਇੱਕ ਹੋਰ ਪਤੇ ਦੀ ਗੱਲ: ਅਜਿਹਾ ਕਰਨ ਲਈ, ਵਾਰ ਵਾਰ ਮਾਊਸ/ਕਰਸਰ ਨਾਲ਼ ਚੋਣ ਕਰਨ ਦੀ ਬਜਾਏ ਅਤੇ ਸਮਾਂ ਬਚਾਉਣ ਲਈ ਦੂਜੇ ਕੀਬੋਰਡ (PA ਵਾਲ਼ੇ) ਨੂੰ ਹਟਾਉਣਾ ਹੀ ਠੀਕ ਰਹੇਗਾ। ਇਸਨੂੰ ਹਟਾਉਣ ਦੀ ਵਿਧੀ ਲਈ ਚਿੱਤਰ ਨੰ. 10 ਵਿੱਚ ਦਿੱਤੇ ਜਾਮਣੀ ਰੰਗੇ ਤੀਰ ਸਾਹਮਣੇ ਦਿਸਦੇ ਪੰਜਾਬੀ ਇੰਸਕ੍ਰਿਪਟ ਕਬੋਰਡ ਤੇ ਕਲਿੱਕ ਕਰੋ ਜਿਸ ਨਾਲ਼ ਇਹ ਤਸਵੀਰ ਦਿਸੇਗੀ:




ਹੁਣ ਉੱਪਰ ਵਾਲ਼ੇ ਕੀਬੋਰਡ (INSCRIPT) ਨੂੰ ਹਟਾਉਣ ਲਈ ਹਟਾਓ (**Remove**) 'ਤੇ ਕਲਿੱਕ ਕਰਨ ਨਾਲ਼ ਇਹ ਹਟ ਭਾਵ ਬੰਦ ਹੋ ਜਾਵੇਗਾ। ਹੁਣ ਤੁਹਾਡੇ ਕੋਲ਼ ਪੰਜਾਬੀ ਵਰਤਣ ਲਈ ਪੰਜਾਬੀ ਦਾ ਸਿਰਫ਼ ਇੱਕ ਕੀਬੋਰਡ ਹੀ ਰਹਿ ਜਾਵੇਗਾ: ਉਹ ਹੈ ਸੰਪੂਰਨ ਕੀਬੋਰਡ **ਪੰਜਾਬੀXL** , ਵੈਸੇ ਤਾਂ ਵਿਗਿਆਨ ਦੀ ਨਜ਼ਰ ਵਿੱਚ ਕੁੱਝ ਵੀ, ਕਦੇ ਵੀ ਸੰਪੂਰਨ ਨਹੀਂ ਹੋਇਆ। ਪਰ ਆਪਾਂ ਆਪਣੇ ਇਸ ਕੀਬੋਰਡ ਨੂੰ ਅੱਜ ਦੀ ਤਰੀਕ ਵਿੱਚ ਜ਼ਰੂਰ ਕਹਿ ਸਕਦੇ ਹਾਂ। ਹੁਣ ਇਸਦੀ ਦੁਬਾਰਾ ਪੁਸ਼ਟੀ ਕਰਨ ਪਵੇਗੀ ਕਿ ਕੀ ਹੁਣ ਤੁਹਾਡੇ ਕੋਲ਼ ਸਿਰਫ਼ ਲੋੜੀਂਦੇ ਕੀਬੋਰਡ ਹੀ ਹਨ?[1] ਕੀਬੋਰਡ ਵਾਲ਼ੇ ਚਿੰਨ੍ਹ ਉੱਤੇ ਇੱਕ ਵਾਰ ਫੇਰ ਕਲਿੱਕ ਕਰੇਗੋ ਤਾਂ ਜੋ ਤੁਹਾਡੀ ਮਸ਼ੀਨ 'ਤੇ ਜੋ ਕੀਬੋਰਡ ਉਪਲਬਧ ਹੋਣਗੇ ਉਹ ਇਸ ਤਰਾਂ ਦਿਸਣਗੇ, ਜੋ ਕਿ ਸਿਰਫ਼ ਦੋ ਹੀ, ਭਾਵ ਇੱਕ ਰੋਮਨ ਅਤੇ ਦੂਜਾ **ਪੰਜਾਬੀXL** ਹੀ ਹਨ:




**ਯਾਦ ਰਹੇ:** ਆਪਣੀ ਮਸ਼ੀਨ ਨੂੰ ਪੰਜਾਬੀ ਲਿਖਣ ਦੇ ਯੋਗ ਬਣਾਉਣ ਲਈ, ਪੰਜਾਬੀ ਕੀਬੋਰਡ ਦੀ ਚੋਣ ਕਰਨੀ ਹੀ ਪੈਣੀ ਹੈ। ਜੋ ਤੁਸੀਂ ਦੋ ਤਰਾਂ ਕਰ ਸਕਦੇ ਹੋ। ਪਹਿਲਾ ਅਮਲ ਕਰਸਰ (ਚੂਹੀ ਤੀਰ) ਨਾਲ਼ ਦੂਜਾ ਵਿੰਡੋਜ਼ ਨਿਸ਼ਾਨ ਅਤੇ ਖ਼ਾਲੀ ਥਾਂ ਸਪੇਸ ਕੁੰਜੀ ਨੂੰ ਦੋਹਾਂ ਨੂੰ ਇਕੱਠਿਆਂ ਦੱਬਣ ਨਾਲ਼। ਅਜਿਹਾ (ਟੌਗਲ) ਕਰਨ ਨਾਲ਼ **ENG** ਅਤੇ **ਪੰ** ਆਪਸ ਵਿੱਚ ਬਦਲ ਜਾਣਗੇ* ਭਾਵ ਰੋਮਨ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਮੁੜ ਰੋਮਨ। ਇਸ ਤਰਾਂ ਪੰਜਾਬੀ ਲਿਖਦੇ ਲਿਖਦੇ ਤੁਸੀਂ ਕਿਸੇ ਵੇਲੇ ਵੀ ਅੰਗ੍ਰੇਜ਼ੀ ਦਾ ਕੋਈ ਵੀ ਸ਼ਬਦ ਪਾਉਣ ਲਈ ਰੋਮਨ ਕੀਬੋਰਡ ਵਰਤ ਸਕਦੇ ਹੋ।

- [1]**ਖ਼ਾਸ ਨੋਟ**: **ਜਿਹਨਾਂ ਦੇਸ਼ਾਂ ਦੀ ਮੁੱਖ ਭਾਸ਼ਾ ਅੰਗ੍ਰਜ਼ੀ ਨਹੀਂ** ਸਗੋਂ ਉਹਨਾਂ ਦੇ ਮੁੱਖ ਦੋ ਕੀਬੋਰਡ ਪੰਜਾਬੀ ਦੇ ਨਾਲ਼: ਡੱਚ, ਸਪੇਨੀ, ਇਤਾਲਵੀ, ਜਰਮਨ, ਪੁਰਤਗੀਜ਼ੀ, ਫ਼੍ਰਾਂਸੀਸੀ ਹੀ ਹੋਣਗੇ ਭਾਵ ਜਿਸ ਦੇਸ਼ ਵਿੱਚ ਵੀ ਪੰਜਾਬੀ ਰਹਿੰਦੇ ਹਨ। ਉਹ ਪੰਜਾਬੀ ਦੇ ਨਾਲ਼ ਆਪਣਾ ਮੁੱਖ ਭਾਸ਼ੀ ਕੀਬੋਰਡ ਜ਼ਰੂਰ ਰੱਖਣਗੇ ਅਤੇ ਵਰਤਣਗੇ।
- *__ਖ਼ਾਸ ਨੋਟ__: __ਪੰਜਾਬੀ ਨਾ ਵਰਤਣ ਵੇਲੇ__ ਵਾਪਸ ਆਪਣੇ ਦੇਸ਼ ਦੀ ਮੁੱਖ ਭਾਸ਼ਾ ਦਾ ਕੀਬੋਰਡ ਚੁਣਨ ਲਈ, ਆਪਣੇ ਕੀਬੋਰਡ 'ਤੇ ਵਿੰਡੋਜ਼ ਅਤੇ ਖ਼ਾਲੀ ਥਾਂ (Space) ਵਾਲ਼ੀਆਂ ਕੁੰਜੀਆਂ ਇਕੱਠੀਆਂ ਦਬਾਓ। ਅਸੀਂ ਅਜਿਹਾ ਕਰਨ ਨਾਲ਼ ਤੁਹਾਡਾ ਕੀਬੋਰਡ ਮੁੜ ਤੁਹਾਡੇ ਦੇਸ਼ ਦੀ ਮੁੱਖ ਭਾਸ਼ਾ ਵਿੱਚ ਬਦਲ ਜਾਵੇਗਾ। ਦੁਬਾਰਾ ਇਕੱਠੀਆਂ ਦੱਬਣ ਨਾਲ਼ ਇਹ ਮੁੜ ਪੰਜਾਬੀ ਵਿੱਚ ਹੋ ਜਾਵੇਗਾ। ***ਯਾਦ ਰਹੇ ਕਿ ਕੀਬੋਰਡ ਨਾ ਬਦਲਣ ਦੀ ਭੁੱਲ ਕਈਆਂ ਲਈ ਵੱਡੀਆਂ ਮੁਸ਼ਕਲਾਂ ਵੀ ਪੈਦਾ ਕਰ ਸਕਦੀ ਹੈ !!***
- **ਖ਼ਾਸ ਨੋਟ :** ਉੱਪਰ ਦੱਸੀ ਵਿਧੀ ਅਤੇ ਤਸਵੀਰਾਂ ਦੀ ਮੱਦਦ ਨਾਲ਼ ਤੁਸੀਂ ਕਿਸੇ ਵੀ ਦੇਸ਼ ਦੀ ਭਾਸ਼ਾ, ਸਮੇਤ ਕਿਸੇ ਵੀ ਭਾਰਤੀ ਭਾਸ਼ਾ, ਦਾ ਕੀਬੋਰਡ ਅਸਾਨੀ ਨਾਲ਼ ਆਪਣੇ ਕੰਪਿਊਟਰ/ਲੈਪਟੌਪ ਤੇ ਪਾ ਭਾਵ ਲਿਖਣ ਦੇ ਯੋਗ ਬਣਾ ਅਤੇ ਇਸਨੂੰ ਉਤਾਰ/ਹਟਾ ਸਕਦੇ ਹੋ।
- **ਖ਼ਾਸ ਨੋਟ :** ਪੰਜਾਬੀ ਕੀਬੋਰਡ ਸਿੱਖਣ ਅਤੇ ਵਰਤਣ ਬਾਅਦ, ਆਪਣੀ ਮਸ਼ੀਨ ਤੇ ਹੋਰ ਭਾਰਤੀ ਭਾਸ਼ਾਵਾਂ ਦੇ ਕੀਬੋਰਡ ਪਾ ਕੇ ਅਸਾਨੀ ਨਾਲ਼ ਅਨੇਕਾਂ ਭਾਸ਼ਾਵਾਂ ਲਿਖ ਸਕਦੇ ਹੋ, ਜਿਵੇਂ ਤਾਮਿਲ, ਤੇਲਗੂ, ਹਿੰਦੀ, ਗੁਜਰਾਤੀ, ਬੰਗਾਲੀ, ਕੱਨੜ, ਮਲਿਆਲਮ ਅਤੇ ਉੜੀਆ। ਇਹ **ਇੰਸਕ੍ਰਿਪਟ** ਕੀਬੋਰਡ ਦੀ ਵਿਸ਼ੇਸ਼ ਖ਼ਾਸੀਅਤ ਹੈ। ਕਿਸੇ ਵੀ ਪਾਠਕ/ਵਰਤੋਂਕਾਰ ਨੂੰ ਕੋਈ ਔਖਿਆਈ ਆਈ ਹੋਵੇ ਜ਼ਰੂਰ ਸਾਂਝੀ ਕਰਨਾ।

ਇਸ ਨੂੰ ਹੋਰ ਸੌਖੇ ਤਰੀਕੇ ਨਾਲ਼ ਕਿਵੇਂ ਦੱਸਿਆ ਜਾਂ ਸੁਧਾਰ ਕੀਤਾ ਸਕਦਾ ਸੀ? ਇਸ ਬਾਰੇ ਸਾਨੂੰ ਬਿ:ਡਾਕ (ਈਮੇਲ) ਰਾਹੀਂ ਜਾਂ ਵਟਸਐਪ ਨੰ: **+44 7729348513** ਰਾਹੀਂ ਜ਼ਰੂਰ ਹੀ ਦੱਸਣਾ ਤਾਂ ਕਿ ਲੋੜੀਂਦੀ ਸੋਧ ਕੀਤੀ ਜਾ ਸਕੇ – ਧੰਨਵਾਦ !

panjabi-unicode@outlook.com ਜਾਂ punjabi-unicode@5abi.com

ਅਭਿਆਸ ਲਈ ਇੰਸਕ੍ਰਿਪਟ ਕੀਬੋਰਡ ਦੇ ਇਸ ਖ਼ਾਕੇ ਨੂੰ ਛਾਪ ਕੇ ਸਾਹਮਣੇ ਰੱਖੋ:




ਪੰਜਾਬੀ ਦੇ ਇੰਸਕ੍ਰਿਪਟ ਕੀਬੋਰਡ ਦਾ ਭੌਤਿਕੀ ਰੂਪ:

